**ਪ੍ਰ7. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(4)**

ੳ) ਮਿਹਨਤ ਦਾ ਮਿੱਠਾ ਫਲ ਹੁੰਦਾ ਹੈ।

ਅ) ਰੱਜ ਕੇ ਖਾਹ ਤੇ ਦੱਬ ਕੇ ਵਾਹ।

ੲ) ਮੈਂ ਕਮਰਾ ਤੇ ਰਸੋਈ ਵੇਖ ਲਈ ਹੈ।

ਸ) ਮੋਹਨ ਤੁਰਦਾ ਹੈ ਬਹੁਤ ਤੇਜ਼

**ਪ੍ਰ8. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(8)**

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ॥

ੳ) ਉਪਰੋਕਤ ਸੱਤਰਾਂ ਕਿਸ ਗੁਰੂ ਸਾਹਿਬ ਦੀਆਂ ਲਿਖੀਆਂ ਹੋਈਆਂ ਹਨ?

ਅ) ਇਸ ਸ਼ਬਦ ਰਾਹੀਂ ਕਿਸਨੂੰ ਤੇ ਕੀ ਸਿੱਖਿਆ ਦਿੱਤੀ ਗਈ ਹੈ?

ੲ) ਸਾਰੇ ਸੁਖ ਕਿਸ ਤਰ੍ਹਾਂ ਪ੍ਰਾਪਤ ਕੀਤੇ ਜਾ ਸਕਦੇ ਹਨ?

ਸ) ਜੀਅੜੇ, ਕਾਮਧੇਨਾ, ਸਰਬ ਸੁਖ ਸ਼ਬਦਾਂ ਦੇ ਅਰਥ ਲਿਖੋ।

**ਪ੍ਰ9.** ਗੁਰਮੁਖਿ ਤੇ ਮਨਮੁਖਿ ਵਿੱਚ ਕੀ ਅੰਤਰ ਹੁੰਦਾ ਹੈ? **(2)**

**ਪ੍ਰ10.** ਗੁਰੂ ਗੋਬਿੰਦ ਸਿੰਘ ਜੀ ਕਿੰਨ੍ਹਾਂ ਗੁਣਾਂ ਨਾਲ ਪਿਆਰ ਕਰਨ ਲਈ ਕਹਿੰਦੇ ਹਨ? **(2)**

**ਪ੍ਰ11.** ਗੁਰੂ ਦਾ ਝਿੜਕਣਾ ਕਿਵੇਂ ਮਿੱਠਾ ਲਗਦਾ ਹੈ? **(3)**

**ਪ੍ਰ12.** ਨੈਣਾ ਸਿੰਘ ਨੇ ਅਰਦਾਸ ਕਿੰਨ੍ਹਾਂ ਨੂੰ ਤੇ ਕਿਵੇਂ ਪਹੁੰਚਾਈ? ਉਸ ਦਾ ਕੀ ਅਸਰ ਹੋਇਆ? **(3)**

**ਪ੍ਰ13.** ਭੇਡ ਚਾਲ ਦਾ ਮਨੁੱਖੀ ਸੁਭਾਅ ਨਾਲ ਕੀ ਸੰਬੰਧ ਹੈ? **(3)**

**ਪ੍ਰ14.** ਖੁਦਾ ਨੇ ਕਿਹੋ ਜਿਹੇ ਲੋਕਾਂ ਨੂੰ ਦੁਨੀਆ ਦੇ ਗਹਿਣੇ ਸਮਝ ਕੇ ਦੁਨੀਆ ਤੇ ਭੇਜਿਆ? **(3)**

**ਪ੍ਰ15.** ਲੇਖਕ ਅਨੁਸਾਰ ਸਮੁੱਚੇ ਸਮਾਜ ਦੀ ਉਸਾਰੀ ਲਈ ਮਨੁੱਖ ਦੀ ਵੱਡੀ ਲੋੜ ਕਿਹੜੀ ਹੈ? **(3)**

**ਪ੍ਰ16.** ਰਿਸ਼ਤੇ ਨਾਟਕ ਦੇ ਵਿਸ਼ੇ ਬਾਰੇ ਤੁਸੀਂ ਕੀ ਜਾਣਦੇ ਹੋ?

**ਜਾਂ**

ਰਿਸ਼ਤੇ ਨਾਟਕ ਵਿੱਚ ਲੇਖਕ ਕੀ ਦੱਸਣਾ ਚਾਹੁੰਦਾ ਹੈ? **(10)**

**ਪ੍ਰ17.** ਪੀਤੇ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਮਨਿੰਦਰ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ? **(8)**

**ਪ੍ਰ18. ਹੇਠਾਂ ਲਿਖੀ ਵਰਤਾਲਾਪ ਨੂੰ ਧਿਆਨ ਨਾਲ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(5)**

"ਮੈਂ ਤਾਂ ਤੈਨੂੰ ਕਹਿੰਦੀ ਕਹਿੰਦੀ ਥੱਕ ਗਈ, ਪਰ ਤੇਰੇ ਤੇ ਕੋਈ ਅਸਰ ਨਹੀਂ ਹੁੰਦਾ। ਕਿੰਨੀ ਆਰ ਕਿਹਾ ਬਈ ਸੌਣ ਤੋਂ ਪਹਿਲਾਂ ਕੀਰਤਨ ਸੋਹਲੇ ਦਾ ਪਾਠ ਕਰ ਲਿਆ ਕਰ, ਮਨ ਸ਼ਾਤ ਹੋ ਜਾਂਦੈ।"

1. ਉਪਰੋਕਤ ਵਾਕ ਕਿਸ ਨਾਟਕ ਵਿੱਚੋਂ ਹੈ?
2. ਨਾਟਕ ਦੇ ਲੇਖਕ ਦਾ ਨਾਂ ਲਿਖੋ।
3. ਇਹ ਵਾਕ ਕਿਸਨੇ, ਕਿਸਨੂੰ ਤੇ ਕਦੋਂ ਕਹੇ?
4. ਬੋਲਣ ਵਾਲਾ (ਵਕਤਾ) ਕਿਹੜੀ ਬਾਣੀ ਤਾ ਪਾਠ ਕਰਨ ਲਈ ਕਹਿੰਦਾ ਹੈ?

# BUDHA DAL PUBLIC SCHOOL PATIALA (19 Sept.15)

**UNIT - I**

**Class - XI**

**Paper - Punjabi (SET-B)**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਗੁਰੂ ਗੋਬਿੰਦ ਸਿੰਘ ਜੀ ਮਨੁੱਖ ਮਾਤਰ ਦੀ ਏਕਤਾ ਵਿੱਚ ਵਿਸ਼ਵਾਸ ਰੱਖਦੇ ਸਨ। ਆਪ ਦੀ ਲੜਾਈ ਜ਼ਾਲਿਮ ਤੇ ਜਾਬਰ ਵਿਰੁੱਧ ਸੀ। ਇਹੋ ਹੀ ਕਾਰਨ ਹੈ ਕਿ ਹਰ ਫ਼ਿਰਕੇ ਦੇ ਯੋਧੇ ਆਪ ਦੀ ਸੈਨਾਂ ਵਿੱਚ ਫ਼ੌਜੀ ਅਫ਼ਸਰ ਦੀ ਪਦਵੀ ਨੂੰ ਗ੍ਰਹਿਣ ਕਰਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖਰ ਮਹਿਸੂਸ ਕਰਦੇ ਸਨ। ਪੀਰ ਬੁੱਧੂ ਸ਼ਾਹ ਦਾ ਆਪ ਜੀ ਦੀ ਸੈਨਾ ਵਿੱਚ ਸ਼ਾਮਿਲ ਹੋਣਾ ਇਕ ਪ੍ਰਤੱਖ ਪ੍ਰਮਾਣ ਹੈ। ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸਤੀ ਵੀ ਆਪ ਜੀ ਨੇ ਕੀਤੀ। ਆਪ ਜੀ ਦਾ ਸਾਰਾ ਜੀਵਨ ਹੀ ਜੰਗਾਂ, ਯੁੱਧਾਂ ਤੇ ਜਦੋ-ਜਹਿਦ ਵਿੱਚ ਲੰਘਿਆ। ਪਹਾੜੀ ਰਾਜਿਆਂ ਤੇ ਮੁਗਲ ਬਾਦਸ਼ਾਹਾਂ ਨਾਲ ਆਪ ਜੀ ਨੇ ਲੋਹਾ ਲਿਆ। ਮੁੱਠੀ ਭਰ ਖਾਸਲਾ ਫ਼ੌਜਾਂ ਵਿੱਚ ਆਪ ਜੀ ਨੇ ਅਜਿਹੀ ਸਪਿਰਿਟ ਭਰ ਦਿੱਤੀ, ਜੋ ਕਿ ਵੈਰੀਆਂ ਦੇ ਲੱਖਾਂ ਦੀ ਗਿਣਤੀ ਦੇ ਦਲਾਂ ਉੱਤੇ ਭਾਰੂ ਸਾਬਤ ਹੋਈ।

ਪ੍ਰ.ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਗੁਰੂ ਗੋਬਿੰਦ ਸਿੰਘ ਜੀ ਦੀ ਲੜਾਈ ਕਿਸ ਚੀਜ਼ ਦੇ ਖਿਲਾਫ਼ ਸੀ?

ੲ) ਗੁਰੂ ਜੀ ਦਾ ਜੀਵਨ ਕਿਵੇਂ ਲੰਘਿਆ?

ਸ) ਜਦੋ-ਜਹਿਦ, ਜਾਬਰ, ਮਨੁੱਖ ਮਾਤਰ ਸ਼ਬਦਾਂ ਦੇ ਅਰਥ ਲਿਖੋ।

**ਪ੍ਰ2.** ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਭ੍ਰਿਸ਼ਟਾਚਾਰ ਬਾਰੇ ਦੱਸਿਆ ਗਿਆ ਹੋਵੇ। **(10)**

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਵਿਦਿਆਰਥੀ ਜੀਵਨ ਵਿੱਚ ਖੇਡਾਂ ਦੇ ਮਹੱਤਵ ਬਾਰੇ ਦੱਸਿਆ ਗਿਆ ਹੋਵੇ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 250 ਸ਼ਬਦਾਂ ਦਾ ਲੇਖ ਲਿਖੋ:** **(10)**

1) ਵਿਸਾਖੀ ਦਾ ਮੇਲਾ
2) ਸਾਡੀ ਵਿੱਦਿਆ-ਪ੍ਰਣਾਲੀ
3) ਅਖ਼ਬਾਰਾਂ ਦੇ ਲਾਭ ਹਾਨੀਆਂ
4) ਮੇਰਾ ਮਨ ਭਾਉਂਦਾ ਕਵੀ

**ਪ੍ਰ4. ਹੇਠਾਂ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ –** **(5)**

ਆਈ ਚਲਾਈ ਕਰਨੀ, ਸਾਖੀ ਭਰਨੀ, ਖੰਡ ਖੀਰ ਹੋਣਾ, ਘਿਓ ਦੇ ਦੀਵੇ ਬਾਲਣਾ, ਅੱਖਾਂ ਦਾ ਤਾਰਾ

**ਪ੍ਰ5.** ਤੁਹਾਡਾ ਸਕੂਟਰ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਲਿਖੋ।

**ਜਾਂ**

ਤੁਹਾਡੀ ਦੁਕਾਨ ਕਿਰਾਏ ਲਈ ਖਾਲੀ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਲਿਖੋ। **(8)**

**ਪ੍ਰ6. ਵਿਸ਼ਰਾਮ ਚਿੰਨ ਲਗਾਉ:** **(3)**

ਰਮਿੰਦਰ ਬੋਲਿਆ ਅੱਜ ਤਾਂ ਤੂੰ ਸਵੇਰੇ ਹੀ ਸੈਰ ਕਰ ਆਇਆ ਹੈ। ਹਾਂ ਭਾਈ ਮੈਂ ਜ਼ਰਾ ਘਰ ਬਹੁਤ ਜਰੂਰੀ ਕੰਮ ਵੀ ਤਾਂ ਕਰਨਾ ਹੈ।

**ਪ੍ਰ7. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(4)**

ੳ) ਆਪ ਬੜੀ ਕਿਰਪਾ ਕੀਤੀ ਹੈ।

ਅ) ਭੇਡਾਂ, ਬੱਕਰੀਆਂ ਤੇ ਮੱਝਾਂ ਚਰਦੇ ਹਨ।

ੲ) ਮੈਂ ਜਰੂਰ ਆਵਾਂਗਾ ਕਾਲਜ।

ਸ) ਸਾਡੇ ਅਧਿਆਪਕ ਆਏ ਸੀ।

**ਪ੍ਰ8. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(8)**

ਦੇਹ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬੰਹੂ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋ,
ਨਿਸਚੇ ਕਰ ਅਪਨੀ ਜੀਤ ਕਰੋ॥

ੳ) ਇਹਨਾਂ ਸਤਰਾਂ ਦੇ ਰਚਨਾਕਾਰ ਦਾ ਨਾਂ ਲਿਖੋ।

ਅ) ਕਵੀ ਪਰਮਾਤਮਾ ਤੋਂ ਕਿਹੜਾ ਵਰ ਮੰਗ ਰਿਹਾ ਹੈ?

ੲ) ਕਵੀ ਦੇ ਮਨ ਵਿੱਚ ਕਿਹੋ ਜਿਹਾ ਨਿਸ਼ਚਾ ਹੈ?

ਸ) ਟਰੋ ਅਤੇ ਲਰੋ ਦੇ ਅਰਥ ਲਿਖੋ।

**ਪ੍ਰ9.** ਆਤਮਾ ਨੂੰ ਕਿਵੇਂ ਸਿਖਿਅਤ ਕੀਤਾ ਜਾ ਸਕਦਾ ਹੈ? **(2)**

**ਪ੍ਰ10.** ਕੋਈ ਵੀ ਜੀਵ-ਆਤਮਾ ਲੋਕ-ਪਰਲੋਕ ਵਿੱਚ ਕਿਸ ਤਰ੍ਹਾਂ ਦੀ ਇੱਜ਼ਤ ਪ੍ਰਾਪਤ ਕਰ ਸਕਦੀ ਹੈ? **(2)**

**ਪ੍ਰ11.** ਗੁਰੂ ਦਾ ਸਿੱਖ ਕਿੰਨਾਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੋਇਆ ਗੁਰੂ ਦੇ ਦਰਸ਼ਨਾ ਨੂੰ ਜਾਂਦਾ ਹੈ? **(3)**

**ਪ੍ਰ12.** ਵੱਡੇ ਲਾਟ ਨੇ ਕਿਹੜੀ ਤਾੜਨਾ ਲਿਖ ਕੇ ਭੇਜੀ? **(3)**

**ਪ੍ਰ13.** ਕਿਸ ਕਾਰਨ ਭੇਡਾਂ ਦੇ ਸੁਭਾਅ ਨੂੰ ਭੇਡ ਚਾਲ ਦਾ ਨਾਂ ਦਿੱਤਾ ਗਿਆ ਹੈ? **(3)**

**ਪ੍ਰ14.** ਲੇਖਕ ਦੁਆਰਾ ਸੋਚੀ ਗਈ ਸੰਪੂਰਨ ਦੁਨੀਆਂ ਵਿੱਚ ਕਿਹੜੀ ਲਗਨ ਮਨੁੱਖ ਨੂੰ ਕੰਮ ਕਰਨ ਲਈ ਪ੍ਰੇਰ ਸਕਿਆ ਕਰੇਗੀ? **(3)**

**ਪ੍ਰ15.** ਲੇਖਕ ਨੇ ਵਹਿਮੀ ਤੋਂ ਬਚਣ ਦਾ ਕੀ ਤਰੀਕਾ ਦੱਸਿਆ ਹੈ? **(3)**

**ਪ੍ਰ16.** ਰਿਸ਼ਤੇ ਨਾਟਕ ਵਿੱਚ ਲੇਖਕ ਨੇ ਕਿਸ ਸਮੱਸਿਆ ਦਾ ਵਰਣਨ ਕੀਤਾ ਹੈ?

**ਜਾਂ**

ਰਿਸ਼ਤੇ ਨਾਟਕ ਵਿੱਚ ਲੇਖਕ ਕੀ ਕਹਿਣਾ ਚਾਹੁੰਦਾ ਹੈ? **(10)**

**ਪ੍ਰ17.** ਨਾਟਕ ਦੇ ਪ੍ਰਮੁੱਖ ਪਾਤਰ ਪੀਤੇ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ?

**ਜਾਂ**

ਮਨਿੰਦਰ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(8)**

**ਪ੍ਰ18. ਹੇਠਾਂ ਲਿਖੀ ਵਰਤਾਲਾਪ ਨੂੰ ਧਿਆਨ ਨਾਲ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(5)**

"ਓ ਡੈਡੀ, ਓ ਯਾਨੀ ਕਿ ਬਾਪੂ, ਅਮਰੀਕਾ ਬੜਾ ਵੱਡਾ ਮੁਲਕ ਐ। ਰੋਸ਼ਨੀਆਂ ਦਾ ਸ਼ਹਿਰ ਦਿਨ ਰਾਤ ਕਾਰਾਂ ਦੌੜ ਦੀਆਂ, ਪਤਾ ਨਹੀਂ ਕਦੋਂ ਦਿਨ ਤੇ ਕਦੋਂ ਰਾਤ ਐ। ਵਿਹਲ ਨਹੀਂ ਮਿਲਦੀ।"

1. ਉਪਰੋਕਤ ਵਾਰਤਾਲਾਪ ਕਿਸ ਨਾਟਕ ਵਿੱਚੋਂ ਹੈ?
2. ਨਾਟਕ ਦੇ ਲੇਖਕ ਦਾ ਨਾਂ ਲਿਖੋ।
3. ਇਹ ਵਾਕ ਕਿਸਨੂੰ ਤੇ ਕਦੋਂ ਕਹੇ?
4. ਕਿਸਨੂੰ ਕਾਹਦੀ ਵਿਹਲ ਨਹੀਂ ਮਿਲਦੀ?

# BUDHA DAL PUBLIC SCHOOL PATIALA (19 Sept.15)

**UNIT - I**

**Class - XI**

**Paper - Punjabi**

**(Set - A)**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਸਾਡੇ ਜੀਵਨ ਦਾ ਇੱਕ ਪ੍ਰਤੱਖ ਤੇ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਪਤਾ ਲੱਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਪਹਿਲੀ ਅਵਸਥਾ ਵਿੱਚ ਆਪਣੇ ਆਪ ਨੂੰ ਉਪਜੀਵਕਾ ਕਮਾਉਣ ਦੇ ਯੋਗ ਬਣਾਉਣ ਲਈ ਘਾਲ ਨਹੀਂ ਘਾਲੀ, ਉਹ ਇਸ ਖੇਤਰ ਵਿੱਚ ਪਿੱਛੇ ਰਹਿ ਜਾਂਦਾ ਹੈ। ਜੋ ਕਿਸੇ ਵਿਹਾਰ ਜਾਂ ਕਾਰਜ ਉੱਤੇ ਦਿਲ ਲਗਾ ਕੇ ਮਿਹਨਤ ਕਰਨ ਵਲੋਂ ਅਵੇਸਲੇ ਹੋ ਜਾਣ, ਉਹਨਾਂ ਦਾ ਇਸ ਸੰਸਾਰ ਵਿੱਚ ਝੱਟ ਨਹੀਂ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜਿਉਣਾ ਬਹੁਤ ਉੱਚਾ ਆਦਰਸ਼ ਨਹੀਂ। ਮਿਹਨਤ ਦਾ ਮਨੁੱਖੀ ਸੁਭਾਅ ਉੱਤੇ ਅਦੁੱਤੀ ਪ੍ਰਭਾਵ ਪੈਂਦਾ ਹੈ।

ਪ੍ਰ.ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਕੰਮ ਵਿੱਚ ਲਾਪਰਵਾਹੀ ਕਰਨ ਦਾ ਸਿੱਟਾ ਕੀ ਹੁੰਦਾ ਹੈ?

ੲ) ਕੀ ਕੇਵਲ ਰੋਜ਼ੀ ਕਮਾਉਣ ਲਈ ਜੀਵਨ ਬਤੀਤ ਕਰਨਾ ਚੰਗੀ ਗੱਲ ਹੈ?

ਸ) ਉਪਜੀਵਕਾ, ਅਵੇਸਲੇ, ਦ੍ਰਿਸ਼ਟੀਕੋਣ ਸ਼ਬਦਾਂ ਦੇ ਅਰਥ ਲਿਖੋ।

**ਪ੍ਰ2.** ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ।

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੇ ਮਹੱਤਵ ਬਾਰੇ ਦੱਸਿਆ ਗਿਆ ਹੋਵੇ। **(10)**

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 250 ਸ਼ਬਦਾਂ ਦਾ ਲੇਖ ਲਿਖੋ:** **(10)**

1) ਗੁਰੂ ਨਾਨਕ ਦੇਵ ਜੀ
2) ਸਮੇਂ ਦੀ ਕਦਰ
3) ਕੌਮੀ ਏਕਤਾ
4) ਵਿਗਿਆਨ ਦੇ ਲਾਭ ਤੇ ਹਾਨੀਆਂ

**ਪ੍ਰ4. ਹੇਠਾਂ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ –** **(5)**

ਕੰਨਾਂ ਤੇ ਜੂੰ ਨਾ ਸਰਕਣੀ, ਹੱਥਾਂ 'ਤੇ ਸਰੋਂ ਜਮਾਉਣੀ, ਹੱਥੀਂ ਛਾਵਾਂ ਕਰਨੀਆਂ, ਉੱਨੀ ਇੱਕੀ ਦਾ ਰਕ, ਉਸਤਾਦੀ ਕਰਨੀ

**ਪ੍ਰ5.** ਤੁਹਾਡੀ ਕਾਰ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਲਿਖੋ।

**ਜਾਂ**

ਤੁਹਾਡਾ ਘਰ ਕਿਰਾਏ ਲਈ ਖਾਲੀ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਲਿਖੋ। **(8)**

**ਪ੍ਰ6. ਵਿਸ਼ਰਾਮ ਚਿੰਨ ਲਗਾਉ:** **(3)**

ਮਨਪ੍ਰੀਤ ਨੇ ਕਿਹਾ ਜੇ ਤੂੰ ਜਲਦੀ ਤੁਰੇਗਾ ਤਾ ਗੱਡੀ ਜਰੂਰ ਮਿਲ ਜਾਵੇਗੀ ਨਹੀਂ ਤਾਂ ਬੱਸ ਤੇ ਹੀ ਸਫਰ ਕਰਨਾ ਪਵੇਗਾ